# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ
# ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8 ਐਸ.ਏ.ਐਸ. ਨਗਰ
## (ਦਫਤਰੀ ਅਮਲਾ-ਸਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)(ਐਸਿ)
ਪੰਜਾਬ।

ਮੀਮੋ ਨੰ: 3/3-2020ਦਅ (2) 2020367 83
ਮਿਤੀ: 28-01-2020

ਵਿਸ਼ਾ: ਦਰਜਾ ਚਾਰ (ਦਸਵੀਂ ਪਾਸ) ਅਤੇ ਦਰਜਾ ਤਿੰਨ ਕਰਮਚਾਰੀ (ਕਲਰਕ ਦੀ ਤਨਖਾਹ ਸਕੇਲ ਤੋਂ ਘੱਟ ਸਕੇਲ ਵਿੱਚ: ਐਸ.ਐਲ.ਏ., ਸਕੂਲ ਲਾਇਬ੍ਰੇਰੀਅਨ/ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਤੋਂ ਬਤੌਰ ਕਲਰਕ ਦੀ ਪਦਉਨਤੀ ਲਈ ਟਾਈਪ ਟੈਸਟ ਦਾ ਸਮਾਂ ਦੇਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ, ਪੰਜਾਬ ਵੱਲੋ ਖੇਤਰੀ ਦਫਤਰਾਂ/ਸਰਕਾਰੀ ਸਕੂਲਾਂ ਵਿੱਚ ਕਲਰਕਾਂ ਦੀਆਂ ਪਦਉਨਤੀ ਕੋਟੇ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਸੁਰੂ ਕੀਤੀ ਗਈ ਹੈ। ਦਰਜਾ ਤਿੰਨ (ਕਲਰਕ ਦੀ ਤਨਖਾਹ ਤੋਂ ਘੱਟ ਸਕੇਲ ਵਿੱਚ) ਕਰਮਚਾਰੀਆਂ ਅਤੇ ਦਰਜਾ ਚਾਰ (ਦਸਵੀਂ ਪਾਸ) ਕਰਮਚਾਰੀਆਂ ਤੋਂ ਬਤੌਰ ਕਲਰਕ ਦੀ ਪਦਉਨਤੀ ਲਈ ਵਿਭਾਗ ਦੇ ਨਿਯਮ ਆਪ ਦੇ ਅਧੀਨ ਕੰਮ ਕਰਦੇ ਦਰਜਾ ਚਾਰ (ਦਸਵੀਂ ਪਾਸ) ਅਤੇ ਦਰਜਾ ਤਿੰਨ (ਕਲਰਕ ਦੀ ਤਨਖਾਹ ਸਕੇਲ ਤੋਂ ਘੱਟ ਸਕੇਲ ਵਿੱਚ: ਐਸ.ਐਲ.ਏ., ਸਕੂਲ ਲਾਇਬ੍ਰੇਰੀਅਨ/ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਦਾ "Punjab Education Department Mininsterial and Non-teaching staff (Subbordinate offics and Boarder Area) Group C Service, Rule 2018 ਅਨੁਸਾਰ ਅੰਗ੍ਰੇਜੀ ਅਤੇ ਪੰਜਾਬੀ (ਰਾਵੀ ਫੌਂਟ) ਦੋਵੇਂ ਭਾਸ਼ਾਂਵਾਂ ਵਿੱਚ ਕੰਪਿਊਟਰ ਤੇ ਟਾਈਪ ਟੈਸਟ 30 ਸ਼ਬਦ ਪ੍ਰਤੀਮਿੰਟ ਦੀ ਸਪੀਡ ਤੇ ਪਾਸ ਕਰਨਾ ਲਾਜਮੀ ਹੈ।

ਉਕਤ ਅਨੁਸਾਰ ਕਲਰਕਾਂ ਦੀ ਅਸਾਮੀ ਤੇ ਪਦਉਨਤ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦੋਵੇ ਭਾਸ਼ਾਂਵਾ (ਅੰਗ੍ਰੇਜੀ ਅਤੇ ਪੰਜਾਬੀ) ਟਾਈਪ ਟੈਸਟ ਲਈ ਮਿਤੀ 08-02-2020 ਨੂੰ ਇਸ ਦਫਤਰ ਵਿਖੇ ਲਿਆ ਜਾਵੇਗਾ।

3) ਇਸ ਲਈ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ/ਸਰਕਾਰੀ/ਸਕੂਲਾਂ/ਸੰਸਥਾਵਾਂ ਵਿੱਚ ਕੰਮ ਕਰਦੇ ਦਸਵੀਂ ਪਾਸ ਦਰਜਾ ਚਾਰ ਕਰਮਚਾਰੀ ਜੋ ਪੰਜਾਬੀ ਅਤੇ ਅੰਗ੍ਰੇਜੀ ਟਾਈਪ ਟੈਸਟ ਦੇਣਾ ਚਾਹੰਦੇ ਹਨ, ਉਹ ਦਰਜਾ ਚਾਰ ਕਰਮਚਾਰੀ ਮਿਤੀ 03-02-2020 ਨੂੰ 11:59 pmਤੱਕ ਵਿਭਾਗ ਦੀ ਵੈਬਸਾਈਟ www.ssapunjab.orgਤੇ ਬਣਾਏ ਗਏ ਪੋਰਟਲ ਤੇ ਆਪਣਾ ਨਾਮ (ਸਮੇਤ ਸੀਨੀਆਰਤਾ ਨੰਬਰ) ਅਤੇ ਹੋਰ ਵੇਰਵੇ ਦਰਜ ਕਰਵਾਉਣ।
4) ਉਪਰੋਕਤ ਤੋਂ ਇਲਾਵਾ ਅਧੀਨ ਦਫਤਰਾਂ/ਸਕੂਲਾਂ/ਸੰਸਥਾਵਾਂ ਵਿੱਚ ਕੰਮ ਕਰਦੇ ਦਰਜਾ ਤਿੰਨ ਕਰਮਚਾਰੀਆਂ (ਐਸ.ਐਲ.ਏ., ਸਕੂਲ ਲਾਇਬ੍ਰੇਰੀਅਨ/ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਜੋ ਬਤੌਰ ਕਲਰਕ ਪਦਉਨਤੀ ਲੈਣ ਦੇ ਚਾਹਵਾਨ ਹੋਣ ਉਹ ਕਰਮਚਾਰੀ ਵੀ ਮਿਤੀ. 03-02-2020 ਨੂੰ 11:59 Pm ਤੱਕ ਵਿਭਾਗ ਦੀ ਵੈਬਸਾਈਟ ਤੇ ਬਣਾਏ ਗਏ ਪੋਰਟਲ www.ssapunjab.orgਤੇ ਆਪਣਾ ਨਾਂ (ਸਮੇਤ ਸੀਨੀਆਰਤਾ ਨੰਬਰ) ਅਤੇ ਹੋਰ ਵੇਰਵੇ ਦਰਜ ਕਰਵਾਉਣ।

ਜਿੰਨ੍ਹਾ ਕਰਮਚਾਰੀਆਂ ਵੱਲੋਂ ਆਨ-ਲਾਈਨ ਪੋਰਟਲ ਤੇ ਆਪਣਾ ਨਾਂ ਮਿੱਥੇ ਸਮੇ ਦੇ ਅੰਦਰ ਅੰਦਰ ਦਰਜ ਨਹੀ ਕਰਵਾਇਆ, ਉਹਨਾ ਕਰਮਚਾਰੀਆਂ ਦਾ ਟਾਈਪ ਟੈਸਟ ਨਹੀ ਲਿਆ ਜਾਵੇਗਾ।

ਕਰਮਚਾਰੀਆਂ ਦਾ ਟਾਈਪ ਟੈਸਟ ਸਰਕਾਰ ਵੱਲੋਂ ਨਿਰਧਾਰਿਤ ਕੀਤੀਆਂ ਗਈਆਂ ਸ਼ਰਤਾਂ ਅਨੁਸਾਰ ਲਿਆ ਜਾਵੇਗਾ। ਸੇਵਾਕਾਲ ਵਾਧੇ ਤੇ ਚਲ ਰਹੇ ਕਰਮਚਾਰੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਦਉਨਤੀ ਨਹੀ ਦਿੱਤੀ ਜਾ ਸਕਦੀ। ਇਸ ਲਈ ਜੋ ਕਰਮਚਾਰੀ ਸੇਵਾਕਾਲ ਵਾਧੇ ਤੇ ਚਲ ਰਹੇ ਹਨ, ਉਹ ਟਾਈਪ ਟੈਸਟ ਵਿੱਚ

ਸ਼ਾਮਿਲ ਨਹੀ ਹੋ ਸਕਦੇ। ਇੱਥੇ ਇਹ ਵੀ ਲਿਖਿਆ ਜਾਂਦਾ ਹੈ ਕਿ ਜੋ ਦਰਜਾ ਚਾਰ (ਦਸਵੀਂ ਪਾਸ) ਕਾਲਜ ਕਾਡਰ ਦੇ ਕਰਮਚਾਰੀ ਹਨ ਉਹਨਾ ਨੂੰ ਇਹਨਾ ਪਦਉਨਤੀਆਂ ਲਈ ਵਿਚਾਰਿਆ ਨਹੀ ਜਾਵੇਗਾ।

ਟਾਈਪ ਟੈਸਟ ਲਈ ਆਉਣ ਵਾਲੇ ਕਰਮਚਾਰੀ ਜਿਸ ਸੰਸਥਾਂ ਵਿੱਚ ਕੰਮ ਕਰਦੇ ਹਨ, ਉਸ ਸੰਸਥਾਂ ਦੇ ਮੁਖੀ ਵੱਲੋਂ ਨੱਥੀ ਕੀਤੇ ਪ੍ਰਫੋਰਮੇ ਨੂੰ ਭਰਨ ਉਪਰੰਤ, ਸਬੰਧਤ ਸੰਸਥਾਂ ਮੁਖੀ ਵੱਲੋ ਤਸਦੀਕ ਕੀਤਾ ਗਿਆ ਹੋਵੇ, ਹਰ ਪੱਖੋ ਮੁਕੰਮਲ ਕਰਕੇ ਨਾਲ ਲਿਆਂਦਾ ਜਾਵੇ।

ਜੋ ਕਰਮਚਾਰੀ ਅੰਗਹੀਣ ਕੈਟਾਗਰੀ ਨਾਲ ਸਬੰਧ ਰੱਖਦੇ ਹਨ ਉਹ ਕਰਮਚਾਰੀ ਟਾਈਪ ਟੈਸਟ ਵਿੱਚ ਛੋਟ ਲੈਣ ਲਈ ਸਬੰਧਤ ਜਿਲ੍ਹੇ ਦੇ ਸਿਵਲ ਸਰਜਨ ਵਲੋਂ ਟਾਈਪ ਟੈਸਟ ਦਾ ਛੋਟ ਸਬੰਧੀ ਸਰਟੀਫਿਕੇਟ ਲੈ ਕੇ ਆਉਣ। ਕੇਵਲ ਉਹਨਾ ਕਰਮਚਾਰੀਆਂ ਨੂੰ ਹੀ ਟਾਈਪ ਟੈਸਟ ਤੋਂ ਛੋਟ ਦੇਣ ਸਬੰਧੀ ਨਿਯਮਾਂ ਅਨੁਸਾਰ ਵਿਚਾਰਿਆ ਜਾਵੇਗਾ।

ਉਕਤ ਅਨੁਸਾਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਆਪਣੇ ਅਧੀਨ ਕੰਮ ਕਰਦੇ ਦਰਜਾ-4 (ਦਸਵੀਂ ਪਾਸ) ਅਤੇ ਦਰਜਾ-3 (ਐਸ.ਐਲ.ਏ., ਸਕੂਲ ਲਾਇਬ੍ਰੇਰੀਅਨ/ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ)) ਕਰਮਚਾਰੀ ਜੋ ਟਾਈਪ ਟੈਸਟ ਦੇਣ ਦੇ ਚਾਹਵਾਨ ਹਨ, ਨੂੰ ਵਿਭਾਗ ਵੱਲੋਂ ਰੱਖੇ ਗਏ ਟਾਈਪ ਟੈਸਟ ਵਿੱਚ ਉਪਰੋਕਤ ਦੱਸੇ ਅਨੁਸਾਰ ਹਾਜਰ ਹੋਣ ਲਈ ਸੂਚਿਤ ਕਰਨ।

ਸੁਪਰਡੰਟ ਦਫਤਰੀ ਅਮਲਾ

ਪਿੱਠ ਅੰਕਣ ਨੰ: ਉਕਤ ਮਿਤੀ: 28-1-2020

ਉਤਾਰਾ ਪੀ.ਏ ਟੂ ਡਿਪਟੀ ਡਾਇਰਕਟਰ (ਪ੍ਰਸਾਸਨ) ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਦਾ ਹੈ।

ਸੁਪਰਡੰਟ ਦਫਤਰੀ ਅਮਲਾ

# ਪ੍ਰੋਫਾਰਮਾ

ਵਿਸ਼ਾ:- ਦਰਜਾ-4 ਅਤੇ ਦਰਜਾ-3 (ਐਸ.ਐਲ.ਏਜ਼, ਲਾਇਬ੍ਰੇਰੀਅਨ/ ਸਹਾਇਕ ਲਾਇਬ੍ਰੇਰੀਅਨ/ ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਕਰਮਚਾਰੀਆਂ ਵੱਲੋਂ ਬਤੌਰ ਕਲਰਕ ਪੱਦਉੱਨਤੀ ਲਈ ਟਾਈਪ ਟੈਸਟ ਵਿੱਚ ਬੈਠਣ ਲਈ ਪ੍ਰੋਫਾਰਮਾ

ਫੋਟੋ

| | |
|---|---|
| ਕਰਮਚਾਰੀ ਦਾ ਨਾਂ | |
| ਅਹੁਦਾ | |
| ਵਰਤਮਾਨ ਕੰਮ ਕਰਨ ਦਾ ਸਥਾਨ | |
| ਸੀਨੀਆਰਤਾ ਨੰਬਰ | |
| ਪਿਤਾ ਦਾ ਨਾਮ | |
| ਜਨਮ ਮਿਤੀ | |
| ਸਰਕਾਰੀ ਸੇਵਾ ਵਿੱਚ ਆਉਣ ਦੀ ਮਿਤੀ | |
| ਕੈਟਾਗਰੀ | |
| ਯੋਗਤਾ (ਮੈਟ੍ਰਿਕ ਪਾਸ ਕਰਨ ਦਾ ਸਥਾਨ ਅਤੇ ਸਬੰਧਤ ਬੋਰਡ) | |
| ਕੀ ਦਸਵੀਂ ਕਲਾਸ ਵਿੱਚ ਪੰਜਾਬੀ ਵਿਸ਼ਾ ਪਾਸ ਹੈ? | |
| ਕੀ ਕਰਮਚਾਰੀ ਵਿਰੁੱਧ ਕੋਈ ਵਿਭਾਗੀ ਪੜਤਾਲ/ ਵਿਜੀਲੈਂਸ ਕੇਸ/ ਪੁਲਿਸ ਕੇਸ ਚੱਲਦਾ ਹੈ ਜਾਂ ਨਹੀਂ? | |
| ਕਰਮਚਾਰੀ ਦੇ ਹਸਤਾਖਰ | |

**ਸਬੰਧਤ ਸੰਸਥਾ/ ਸਕੂਲ ਮੁਖੀ ਦੇ ਪ੍ਰਤੀ ਹਸਤਾਖਰ**